


## ਨੌਕਰੀ ਕੇਂਦਰਾਂ ਅਤੇ ਭਰਤੀ ਕੇਂਦਰਾਂ ਦੇ ਪੁੱਛਗਿੱਛ ਟੈਲੀਫੋਨ ਨੰਬਰ

| | |
|---|---|
| Admiralty Job Centre | 2591 1318 |
| North Point Job Centre | 2114 6868 |
| Kowloon East Job Centre | 2338 9787 |
| Kowloon West Job Centre | 2150 6397 |
| Kwun Tong Job Centre | 2342 0486 |
| Shatin Job Centre | 2158 5553 |
| Sheung Shui Job Centre | 3692 4532 |
| Tsuen Wan Job Centre | 2417 6197 |
| New Territories West Job Centre | 2463 9967 |
| Tung Chung Job Centre | 3428 2943 |
| Recruitment Centre for the Catering Industry | 3847 7600 |
| Recruitment Centre for the Retail Industry | 3847 7611 |
| Construction Industry Recruitment Centre | 3428 3303 |

ਟੈਲੀਫੋਨ ਰੁਜਗਾਰ ਸੇਵਾ ਹਾਟਲਾਈਨ:

**2969 0888**

ਇੰਟਰਐਕਟਿਵ ਰੁਜਗਾਰ ਸੇਵਾ ਦੀ ਵੈੱਬਸਾਈਟ:

**https://www.jobs.gov.hk**

4/2025

勞工處
Labour Department
(Punjabi Version)



# ਨੌਕਰੀ ਲੱਭਣ ਵਾਲਿਆਂ ਲਈ ਰੁਜ਼ਗਾਰ ਸੇਵਾ ਗਾਈਡ












ਲੇਬਰ ਵਿਭਾਗ (LD) ਨੌਕਰੀ ਲੱਭਣ ਵਾਲਿਆਂ ਦੀ ਨੌਕਰੀ ਲੱਭਣ ਵਿੱਚ ਮਦਦ ਕਰਨ ਲਈ ਵਿਆਪਕ ਅਤੇ ਮੁਫਤ ਰੁਜਗਾਰ ਸੇਵਾਵਾਂ ਪ੍ਰਦਾਨ ਕਰਦਾ ਹੈ। ਸਾਡੀਆਂ ਸੇਵਾਵਾਂ ਚੀਨੀ ਅਤੇ ਅੰਗ੍ਰੇਜੀ ਦੋਵਾਂ ਵਿੱਚ ਸੰਚਾਲਿਤ ਹੁੰਦੀਆਂ ਹਨ। ਜੇਕਰ ਤੁਸੀਂ ਇਹਨਾਂ ਵਿਚੋਂ ਕੋਈ ਵੀ ਭਾਸ਼ਾ ਨਹੀਂ ਬੋਲਦੇ ਹੋ, ਤਾਂ ਅਸੀਂ ਤੁਹਾਡੇ ਲਈ ਅਨੁਵਾਦ ਸੇਵਾ ਦਾ ਪ੍ਰਬੰਧ ਕਰ ਸਕਦੇ ਹਾਂ।

ਜੇਕਰ ਤੁਸੀਂ ਨੌਕਰੀ ਲੱਭ ਰਹੇ ਹੋ, ਤਾਂ ਤੁਹਾਡੀਆਂ ਲੋੜਾਂ ਦੇ ਮੁਤਾਬਕ ਸਭ ਤੋਂ ਵਧੀਆ ਰੁਜਗਾਰ ਸੇਵਾਵਾਂ ਲੱਭਣ ਲਈ ਇਸ ਗਾਈਡ ਨੂੰ ਵੇਖੋ।

## ਨੌਕਰੀ ਦੇ ਕੇਂਦਰ

ਅਸੀਂ ਖੇਤਰ ਵਿੱਚ 10 ਨੌਕਰੀ ਕੇਂਦਰਾਂ ਦੇ ਇੱਕ ਨੈੱਟਵਰਕ ਦਾ ਸੰਚਾਲਨ ਕਰਦੇ ਹਾਂ। ਨੌਕਰੀਆਂ ਲੱਭਣ ਲਈ ਇਹਨਾਂ ਵਿਚੋਂ ਕਿਸੇ ਵੀ ਕੇਂਦਰ ਤੇ ਆਣ ਲਈ ਅਤੇ ਹੇਠਾਂ ਦਿੱਤੀਆਂ ਸਹੂਲਤਾਂ ਦੀ ਵਰਤੋਂ ਕਰਨ ਲਈ ਅਸੀਂ ਤੁਹਾਡਾ ਸਵਾਗਤ ਕਰਦੇ ਹਾਂ:

- ਤੁਹਾਡੇ ਰਿਜ਼ਊਮ ਨੂੰ ਤਿਆਰ ਕਰਨ ਲਈ ਰਿਜ਼ਊਮ-ਨਿਰਮਾਣ ਸੋਫਟਵੇਅਰ ਵਾਲੇ ਕੰਪਿਊਟਰ
- ਰੁਜਗਾਰਦਾਤਾਵਾਂ ਨੂੰ ਆਪਣਾ ਰਿਜ਼ਊਮ ਅਤੇ ਅਰਜ਼ੀ ਪੱਤਰ ਫੈਕਸ ਜਾਂ ਈਮੇਲ ਕਰਨ ਲਈ ਇੰਟਰਨੈੱਟ ਕਨੈਕਸ਼ਨ ਦੇ ਨਾਲ ਫੈਕਸ ਮਸ਼ੀਨ ਅਤੇ ਕੰਪਿਊਟਰ
- ਢੁਕਵੀਆਂ ਨੌਕਰੀਆਂ ਦੀ ਖੋਜ ਲਈ LD ਦੇ ਵਿਸ਼ਾਲ ਵੈਕੇਂਸੀ ਡੇਟਾਬੇਸ ਨਾਲ ਜੁੜੇ ਹੋਏ ਟੱਚ-ਸਕ੍ਰੀਨ ਵੈਕੇਂਸੀ ਸਰਚ ਟਰਮੀਨਲ
- ਰੁਜਗਾਰਦਾਤਾਵਾਂ ਨਾਲ ਔਨਲਾਈਣ ਨੌਕਰੀ ਇੰਟਰਵਿਊ ਆਯੋਜਿਤ ਕਰਨ ਲਈ ਉਪਕਰਣ





## ਨਸਲੀ ਘੱਟ ਗਿਣਤੀ ਨੌਕਰੀ ਲੱਭਣ ਵਾਲਿਆਂ ਲਈ ਸਮਰਪਿਤ ਰੁਜਗਾਰ ਸੇਵਾਵਾਂ

- **ਨਸਲੀ ਘੱਟ ਗਿਣਤੀ ਨੌਕਰੀ ਲੱਭਣ ਵਾਲਿਆਂ ਲਈ ਵਿਸ਼ੇਸ਼ ਕਾਊਂਟਰ ਅਤੇ ਸਰੋਤ ਕੋਰਨਰ**

ਤੁਸੀਂ ਵਿਸ਼ੇਸ਼ ਕਾਊਂਟਰ ਤੇ ਰਜਿਸਟ੍ਰੇਸ਼ਨ ਸੇਵਾ, ਨੌਕਰੀ ਦੀ ਭਾਲ ਵਿੱਚ LD ਦੀਆਂ ਰੁਜਗਾਰ ਸੇਵਾਵਾਂ ਅਤੇ ਸੁਵਿਧਾਵਾਂ ਦੀ ਵਰਤੋਂ ਕਰਨ ਵਿੱਚ ਸਹਾਇਤਾ, ਨੌਕਰੀ ਰੈਫਰਲ ਸੇਵਾ ਅਤੇ ਸਿਖਲਾਈ ਅਤੇ ਮੁੜ-ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ। ਉਪਯੋਗੀ ਰੁਜਗਾਰ ਜਾਣਕਾਰੀ/ਸਵੈ-ਸਿੱਖਨ ਸੰਬੰਧੀ ਸੰਦਰਭ ਸਮੱਗਰੀ ਜਿਵੇਂ ਕਿ ਸੰਦਰਭ ਕਿਤਾਬਾਂ, ਵੱਖ ਭਾਸ਼ਾਵਾਂ ਵਿੱਚ ਸ਼ਬਦਕੋਸ਼, ਨੌਕਰੀ ਖੋਜ ਸੁਝਾਵਾਂ ਤੇ ਅਖਬਾਰ ਅਤੇ ਰਸਾਲੇ, ਅਤੇ ਸਿਖਲਾਈ ਅਤੇ ਮੁੜ ਸਿਖਲਾਈ ਕੋਰਸਾਂ ਬਾਰੇ ਪਰਚੇ ਵੀ ਸਰੋਤ ਕੋਰਨਰ ਤੇ ਉਪਲਬਧ ਹਨ।

- **ਨਿੱਜੀ ਰੁਜਗਾਰ ਸਲਾਹਕਾਰ ਸੇਵਾ ਅਤੇ ਤੀਬਰ ਫਾਲੋ ਅੱਪ ਸੇਵਾ**

ਤੁਸੀਂ ਆਪਣੀਆਂ ਰੁਜਗਾਰ ਲੋੜਾਂ ਤੇ ਚਰਚਾ ਕਰਨ, ਨੌਕਰੀ ਲੱਭਣ ਦੀਆਂ ਤਕਨੀਕਾਂ ਨੂੰ ਬਿਹਤਰ ਬਨਾਉਣ, ਲੇਬਰ ਮਾਰਕੀਟ ਅਤੇ ਸਿਖਲਾਈ/ਮੁੜ ਸਿਖਲਾਈ ਕੋਰਸਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ, ਅਤੇ ਜਾਂ ਉਚਿਤ ਤੌਰ ਤੇ ਕਰੀਅਰ ਯੋਗਤਾ ਦਾ ਮੁਲਾਂਕਣ ਕਰਨ ਲਈ ਕਿਸੇ ਰੁਜਗਾਰ ਅਧਿਕਾਰੀ ਨਾਲ ਮਿਲ ਸਕਦੇ ਹੋ। ਰਜਿਸਟਰਡ ਨਸਲੀ ਘੱਟ ਗਿਣਤੀ ਨੌਕਰੀ ਲੱਭਣ ਵਾਲਿਆਂ ਨੂੰ ਤੀਬਰ ਫਾਲੋ-ਅੱਪ ਸੇਵਾਵਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ।

- **ਰੁਜਗਾਰ ਬ੍ਰੀਫ਼ਿੰਗ**

ਇਸ ਨਾਲ ਤੁਹਾਨੂੰ ਮੌਜੂਦਾ ਲੇਬਰ ਮਾਰਕੀਟ ਦੀ ਸਥਿਤੀ ਨੂੰ ਬਿਹਤਰ ਤਰੀਕੇ ਨਾਲ ਸਮਝਣ ਅਤੇ ਨੌਕਰੀ ਇੰਟਰਵਿਊ ਤਕਨੀਕਾਂ ਵਿੱਚ ਮੁਹਾਰਤ ਹਾਸਲ ਕਰਨ ਵਿੱਚ ਮਦਦ ਮਿਲ ਸਕਦੀ ਹੈ।

- **ਰੁਜਗਾਰ ਮੇਲਾ**

ਰੁਜਗਾਰ ਕੇਂਦਰਾਂ ਤੇ ਪੂਰੇ ਸਾਲ ਨੌਕਰੀ ਮੇਲੇ ਲਗਾਏ ਜਾਂਦੇ ਹਨ। ਭਾਗ ਲੈਣ ਵਾਲੇ ਰੁਜਗਾਰਦਾਤਾ ਨੌਕਰੀ ਲੱਭਣ ਵਾਲਿਆਂ ਨਾਲ ਮੌਕੇ ਤੇ ਇੰਟਰਵਿਊ ਕਰਨਗੇ। ਨਸਲੀ ਘੱਟ-ਗਿਣਤੀ ਨੌਕਰੀ ਲੱਭਣ ਵਾਲਿਆਂ ਲਈ ਢੁਕਵੀਆਂ ਵੈਕੇਂਸੀਆਂ ਦੇ ਨਾਲ ਨਿਯਮਿਤ ਤੌਰ ਤੇ ਸਮਾਵੇਸ਼ੀ ਨੌਕਰੀ ਮੇਲੇ ਆਯੋਜਿਤ ਕੀਤੇ ਜਾਣਗੇ ਅਤੇ ਮੁਫਤ ਆੱਨ-ਸਾਈਟ ਵਿਆਖਿਆ ਉਪਲਬਧ ਹੈ।

- **ਨਸਲੀ ਵਿਭਿੰਨਤਾ ਰੁਜਗਾਰ ਪ੍ਰੋਗਰਾਮ (RDEP)**

RDEP ਗੈਰ ਸਰਕਾਰੀ ਸੰਗਠਨਾਂ (NGOs) ਦੇ ਸਹਿਯੋਗ ਨਾਲ LD ਦੁਆਰਾ ਸ਼ੁਰੂ ਕੀਤਾ ਗਿਆ ਇੱਕ ਪ੍ਰੋਗਰਾਮ ਹੈ, ਜੋ ਕੇਸ ਪ੍ਰਬੰਧਨ ਪਹੁੰਚ ਦੇ ਜਰੀਏ ਨਸਲੀ ਘੱਟਗਿਣਤੀ ਨੌਕਰੀ ਲੱਭਣ ਵਾਲਿਆਂ ਨੂੰ ਵਨ-ਸਟੱਪ ਰੁਜ਼ਗਾਰ ਸਹਾਇਤਾ ਸੇਵਾਵਾਂ ਪ੍ਰਦਾਨ ਕਰਨਾ ਹੈ, ਤਾਂ ਜੋ ਉਹਨਾਂ ਦੀ ਰੁਜ਼ਗਾਰ ਯੋਗਤਾ ਨੂੰ ਵਧਾਇਆ ਜਾ ਸੱਕੇ ਅਤੇ ਕਰੀਅਰ ਦੇ ਵਿਕਾਸ ਵਿੱਚ ਸਹਾਇਤਾ ਕੀਤੀ ਜਾ ਸੱਕੇ।







## ਰੁਜਗਾਰ ਪ੍ਰੋਗਰਾਮ

ਯੋਗ ਨੌਕਰੀ ਲੱਭਣ ਵਾਲੇ ਹੇਠਾਂ ਦਿੱਤੇ ਰੁਜਗਾਰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਦੀ ਚੋਣ ਕਰ ਸਕਦੇ ਹਨ:

- **ਵਰਕ ਟ੍ਰਾਇਲ ਸਕੀਮ**

ਸਕੀਮ ਵਿੱਚ ਭਾਗ ਲੈਣ ਵਾਲੇ ਸੰਗਠਨ ਭਾਗੀਦਾਰਾਂ ਲਈ ਅਸਲ ਨੌਕਰੀਆਂ ਵਿੱਚ ਇੱਕ ਮਹੀਨੇ (30 ਦਿਨ) ਲਈ ਕੰਮ ਦੇ ਟਰਾਈਲਾਂ ਦਾ ਪ੍ਰਬੰਧ ਕਰਦੇ ਹਨ। ਜਿਨ੍ਹਾਂ ਭਾਗੀਦਾਰਾਂ ਨੇ ਚੰਗੇ ਪ੍ਰਦਰਸ਼ਨ ਦੇ ਨਾਲ ਕੰਮ ਦੀ ਪਰੀਖਿਆ ਪੂਰੀ ਕੀਤੀ ਹੈ, ਇਸ ਵਿੱਚ ਭਾਗ ਲੈਣ ਵਾਲੇ ਸੰਗਠਨਾਂ ਨੂੰ ਉਹਨਾਂ ਭਾਗੀਦਾਰਾਂ ਨੂੰ ਰੁਜਗਾਰ ਪ੍ਰਦਾਨ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।

- **ਬਜ਼ੁਰਗਾਂ ਅਤੇ ਮੱਧ ਉਮਰ ਦੇ ਲੋਕਾਂ ਲਈ ਰੁਜਗਾਰ ਪ੍ਰੋਗਰਾਮ**

ਰੁਜਗਾਰਦਾਤਾ ਪ੍ਰੋਗਰਾਮ ਦੇ ਤਹਿਤ, 40 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬੇਰੁਜਗਾਰ ਬਜ਼ੁਰਗਾਂ ਜਾਂ ਮੱਧ ਉਮਰ ਦੇ ਨੌਕਰੀ ਲੱਭਣ ਵਾਲੇ ਲੋੱਕਾਂ ਲਈ ਸਲਾਹਕਾਰ ਨਿਯੁਕਤ ਕਰਨਗੇ ਅਤੇ ਉਨ੍ਹਾਂ ਨੂੰ ਨੌਕਰੀ ਟ੍ਰੇਨਿੰਗ ਪ੍ਰਦਾਨ ਕਰਨਗੇ। ਇਹ ਭਾਗੀਦਾਰਾਂ ਨੂੰ ਨਵੇਂ ਕੰਮ ਦੇ ਮਾਹੌਲ ਦੇ ਅਨੁਕੂਲ ਹੋਣ ਅਤੇ ਜਰੂਰੀ ਨੌਕਰੀ ਵਿਸ਼ੇਸ਼ ਹੁਨਰ ਹਾਸਲ ਕਰਨ ਵਿੱਚ ਸਹਾਇਤਾ ਕਰੇਗਾ। ਪ੍ਰੋਗਰਾਮ ਦੇ ਤਹਿਤ ਕਿਸੇ ਪ੍ਰੀ-ਰਜਿਸਟ੍ਰੇਸ਼ਨ ਦੀ ਲੋੜ ਨਹੀਂ ਹੈ।

- **ਮੁੜ-ਰੁਜਗਾਰ ਭੱਤਾ ਪਾਇਲਟ ਸਕੀਮ**

ਇਹ ਸਕੀਮ 40 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਬਜੁਰਗ ਅਤੇ ਮੱਧ ਉਮਰ ਦੇ ਵਿਅਕਤੀਆਂ ਨੂੰ ਟਾਰਗੇਟ ਕਰਦੀ ਹੈ, ਜੋ ਲਗਾਤਾਰ ਤੀਨ ਮਹੀਨਿਆਂ ਜਾਂ ਵੱਧ ਸਮੇਂ ਤੋਂ ਹਾਂਗਕਾਂਗ ਵਿੱਚ ਤਨਖਾਹ ਵਾਲੇ ਰੁਜਗਾਰ ਵਿੱਚ ਨਹੀਂ ਹਨ। ਜਿਨ੍ਹਾਂ ਭਾਗੀਦਾਰਾਂ ਨੇ ਲਗਾਤਾਰ ਛੇ ਮਹੀਨਿਆਂ ਲਈ ਕੰਮ ਕੀਤਾ ਹੈ, ਉਨ੍ਹਾਂ ਨੂੰ $10,000 ਦਾ ਅਧਿਕਤਮ ਭੱਤਾ ਮਿਲੇਗਾ, ਜਦੋਂ ਕਿ ਜਿਨ੍ਹਾਂ ਨੇ ਲਗਾਤਾਰ 12 ਮਹੀਨਿਆਂ ਲਈ ਕੰਮ ਕੀਤਾ ਹੈ, ਉਨ੍ਹਾਂ ਨੂੰ $10,000 ਦਾ ਵਾਧੂ ਅਧਿਕਤਮ ਭੱਤਾ ਮਿਲੇਗਾ।

## ਕੇਟਰਿੰਗ ਉਦਯੋਗ ਲਈ ਭਰਤੀ ਕੇਂਦਰ, ਪ੍ਰਚੂਨ ਉਦਯੋਗ ਲਈ ਭਰਤੀ ਕੇਂਦਰ ਅਤੇ ਨਿਰਮਾਣ ਉਦਯੋਗ ਭਰਤੀ ਕੇਂਦਰ

ਭਰਤੀ ਕੇਂਦਰਾਂ ਵੱਿਚ ਸਾਰੇ ਸਾਲ ਨੌਕਰੀ ਮੇਲੇ ਆਯੋਜਤਿ ਕੱਿਤੇ ਜਾਂਦੇ ਹਨ। ਜੇਕਰ ਤੁਸੀ ਸਬੰਧਤ ਭਰਤੀ ਕੇਂਦਰਾਂ ਤੋ ਇਲਾਵਾ ਕੇਟਰਗਿ, ਪ੍ਰਚੂਨ ਜਾਂ ਨਰਿਮਾਣ ਉਦਯੋਗਾਂ ਵੱਿਚ ਰੁਜਗਾਰ ਲੈਣ ਵੱਿਚ ਦਲਿਚਸਪੀ ਰੱਖਦੇ ਹੋ, ਤਾਂ ਨੌਕਰੀ ਕੇਂਦਰਾਂ, LD ਦੀ ਇੰਟਰਐਕਟਵਿ ਰੁਜਗਾਰ ਸੇਵਾ (iES) ਵੈੱਬਸਾਈਟ ਜਾਂ ਇਸਦੇ ਮੋਬਾਈਲ ਐਪਲੀਕੇਸਨ ਤੇ ਨਵੀਨਤਮ ਨੌਕਰੀ ਮੇਲੇ ਦੀ ਜਾਣਕਾਰੀ ਵੀ ਦੇਖ ਸਕਦੇ ਹੋ। ਫਿਰ ਤੁਸੀਂ ਭਰਤੀ ਕਰਨ ਵਾਲੇ ਰੁਜਗਾਰਦਾਤਾਵਾਂ ਨਾਲ ਮੌਕੇ ਤੇ ਨੌਕਰੀ ਲਈ ਇੰਟਰਵਿਊ ਅਪਾੱਈਂਟਮੇਂਟ ਰਾਖਵੀ ਕਰਨ ਲਈ ਭਰਤੀ ਕੇਂਦਰਾਂ ਨਾਲ ਸੰਪਰਕ ਕਰ ਸਕਦੇ ਹੋ।

## ਉੱਚ ਸਿੱਖਿਆ ਰੁਜਗਾਰ ਲਈ ਸਮਰਪਿਤ ਵੈੱਬਪੇਜ

ਉੱਚ ਸਖਿਿਆ ਪ੍ਰਾਪਤ ਨੌਕਰੀ ਲੱਭਣ ਵਾਲੇ ਉੱਚ ਸਖਿਿਆ ਰੁਜਗਾਰ ਤੇ ਸਮਰਪਤਿ ਵੈੱਬਪੇਜ (https://www.jobs.gov.hk/0/en/jobseeker/hee/) ਰਾਹੀ ਨਵੀਨਤਮ ਸਥਾਨਕ ਰੁਜਗਾਰ ਬਾਜ਼ਾਰ ਦੀ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ ਅਤੇ ਉਚਤਿ ਨੌਕਰੀ ਦੇ ਮੌਕੇ ਦੇਖ ਸਕਦੇ ਹਨ।

## ਟੈਲੀਫੋਨ ਰੁਜਗਾਰ ਸੇਵਾ

ਜੇਕਰ ਤੁਸੀਂ ਪਹਿਲਾਂ ਹੀ ਜੋਬ ਸੈਂਟਰ ਜਾਂ iES ਵੈੱਬਸਾਈਟ ਤੇ ਸਾਡੀਆਂ ਰੁਜਗਾਰ ਸੇਵਾਵਾਂ ਲਈ ਰਜਿਸਟਰ ਕਰ ਚੁੱਕੇ ਹੋ, ਤਾਂ ਤੁਸੀਂ ਸਾਡੇ ਕੇਂਦਰਾਂ ਤੇ ਜਾਣ ਦੀ ਬਜਾਏ ਟੈਲੀਫੋਨ ਇੰਪਲਾਇਮੈਂਟ ਸਰਵਿਸ ਹਾਟਲਾਈਨ 2969 0888 ਤੇ ਕਾਲ ਕਰਕੇ ਨੌਕਰੀ ਦੀ ਰੈਫਰਲ ਸੇਵਾ ਪ੍ਰਾਪਤ ਕਰ ਸਕਦੇ ਹੋ। ਜੇ ਲੋੜ ਹੋਵੇ, ਤਾਂ ਅਸੀਂ ਮੁਫਤ ਟੈਲੀਫੋਨ ਵਿਆਖਿਆ ਸੇਵਾਵਾਂ ਦਾ ਪ੍ਰਬੰਧ ਵੀ ਕਰ ਸਕਦੇ ਹਾਂ।

## ਇੰਟਰਐਕਟਿਵ ਰੁਜਗਾਰ ਸੇਵਾ ਵੈਬਸਾਈਟ ਅਤੇ ਮੋਬਾਈਲ ਐਪਲੀਕੇਸ਼ਨ

ਤੁਸੀਂ ਨਵੀਨਤਮ ਨੌਕਰੀ ਵੈਕੇਂਸੀਆਂ ਨੂੰ ਚੈੱਕ ਕਰਨ ਲਈ, ਸਾਡੀਆਂ ਰੁਜਗਾਰ ਸੇਵਾਵਾਂ ਲਈ ਰਜਿਸਟਰ ਕਰਣ ਲਈ, ਰੁਜਗਾਰ ਸਲਾਹ ਸੇਵਾ ਲਈ ਅਰਜ਼ੀ ਦੇਣ ਲਈ ਅਤੇ LD ਦੀਆਂ ਭਰਤੀ ਗਤਿਵਿਧਿਆਂ ਬਾਰੇ ਸਭ ਤੋਂ ਅੱਪਡੇਟ ਖਬਰਾਂ ਪ੍ਰਾਪਤ ਕਰਨ ਲਈ iES ਵੈੱਬਸਾਈਟ (https://www.jobs.gov.hk/EM) ਤੇ ਨਸਲੀ ਘੱਟ ਗਿਣਤੀ ਨੌਕਰੀ ਲੱਭਣ ਵਾਲਿਆਂ ਲਈ ਸਮਰਪਿਤ ਵੈੱਬਪੇਜ ਤੇ ਜਾ ਸਕਦੇ ਹੋ। ਤੁਸੀਂ ਕਿਸੇ ਵੀ ਸਮੇਂ ਅਤੇ ਕਿਤੇ ਵੀ ਆਪਣੇ ਸਮਾਰਟਫੋਨ ਜਾਂ ਮੋਬਾਈਲ ਡਿਵਾਈਸਾਂ ਰਾਹੀਂ ਢੁਕਵੀਆਂ ਖਾਲੀ ਵੈਕੇਂਸੀਆਂ ਨੂੰ ਵੇਖਣ ਲਈ iES ਮੋਬਾਈਲ ਐਪਲੀਕੇਸ਼ਨ ਨੂੰ ਡਾਉਨਲੋਡ ਅਤੇ ਵਰਤ ਸਕਦੇ ਹੋ।